ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼

ਸਰਕਾਰ ਵਲੋਂ ਪੱਤਰ ਨੰਬਰ 12/41/2011-5ਸਿ2/1170 ਮਿਤੀ 7.3.2011 ਰਾਂਹੀ ਸਕੂਲ ਲੈਕਚਰਾਰਾਂ ਦੀਆਂ ਸੋਧੀਆਂ ਸੀਨੀਆਰਤਾ ਸੂਚੀਆਂ ਜਾਰੀ ਹੋਈਆਂ, ਜਿਨ੍ਹਾਂ ਨੂੰ ਸਿਵਲ ਰਿੱਟ ਪਟੀਸ਼ਨ ਨੰਬਰ 5059/2011-ਹਰਪਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਮੇਲ ਖਾਂਦੀਆਂ ਰਿੱਟ ਪਟੀਸ਼ਨਾਂ ਨੰਬਰ 5736 ਆਫ 2011, 10950 ਆਫ 2011 ਅਤੇ 5049 ਆਫ 2011 ਵਿਚ ਚੁਣੌਤੀ ਦਿੱਤੀ ਗਈ। ਜਿਸ ਵਿਚ ਮਿਤੀ 8.9.2011 ਨੂੰ ਪ੍ਰਾਪਤ ਹੁਕਮਾਂ ਤਹਿਤ ਤਰੱਕੀਆਂ ਕਰਨ ਤੇ ਰੋਕ ਹਟਾ ਦਿੱਤੀ ਗਈ। ਪਰੰਤੂ ਇਹ ਰਿੱਟ ਮਿਤੀ 28.3.2012 ਨੂੰ ਐਡਮਿਟ ਹੋ ਗਈ ਸੀ।

ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਵਿਭਾਗ, ਅਪੰਗ ਵਿਅਕਤੀਆਂ ਦੀ ਭਲਾਈ ਸਾਖਾ ਦੇ ਪੱਤਰ ਨੰ: 7/29/2010-7ਸਸ/566 ਮਿਤੀ 5.07.11 ਰਾਹੀਂ ਗਰੁੱਪ ਏ, ਬੀ, ਸੀ ਅਤੇ ਡੀ ਵਿੱਚ ਤਰੱਕੀਆਂ ਕਰਨ ਲਈ ਅਪੰਗ ਕਰਮਚਾਰੀਆਂ ਲਈ ਪੱਦ ਉਨਤੀਆਂ ਵਿੱਚ 3% ਰਾਖਵਾਂਕਰਨ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸ ਉਪਰੰਤ ਸਰਕਾਰ ਵਲੋਂ ਪੱਤਰ ਨੰ: 7/29/2010-7ਸਸ/167 ਮਿਤੀ 13.03.12 ਰਾਹੀਂ ਹਦਾਇਤਾਂ ਜਾਰੀ ਕਰਦੇ ਹੋਏ ਬਣਦੀਆਂ ਬੈਕਲਾਗ ਦੀਆਂ ਅਸਾਮੀਆਂ ਵਿਰੁੱਧ ਮਿਤੀ 06.03.11 ਤੋਂ ਤਰੱਕੀਆਂ ਦੇਣ ਦਾ ਫੈਸਲਾ ਲਿਆ ਗਿਆ ਸੀ।

ਸਰਕਾਰ ਵਲੋਂ ਮਿਤੀ 6.3.2011 ਤੋਂ ਬਾਅਦ 251 ਲੈਕਚਰਾਰਾਂ ਨੂੰ ਬਤੌਰ ਪ੍ਰਿੰਸੀਪਲ ਪਦਉਨਤ ਕੀਤਾ ਗਿਆ ਸੀ। ਸਿਵਲ ਰਿੱਟ ਪਟੀਸਨ ਨੰਬਰ 4267 ਆਫ 2010 ਅਤੇ ਸੀ.ਓ.ਸੀ.ਪੀ. ਨੰਬਰ 3142 ਆਫ 2011 ਵਿਚ ਮਾਨਯੋਗ ਕੋਰਟ ਵਲੋ. ਦਿੱਤੇ ਫੈਸਲੇ ਅਨੁਸਾਰ ਅਪੰਗ ਕਰਮਚਾਰੀਆਂ ਵਿਚੋਂ ਪਿੱਛਲਾ ਬੈਕਲਾਗ ਪੂਰਾ ਕਰਨ ਲਈ ਪੰਜਾਬ ਰਾਜ ਵਿਚ ਕੰਮ ਕਰ ਰਹੇ ਸਕੂਲ ਲੈਕਚਰਾਰਾਂ ਵਿਚੋਂ ਤਰੱਕੀ ਰਾਂਹੀ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਵਿਚ ਤਰੱਕੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 16.1.2013 ਰਾਂਹੀਂ ਸਿਫਾਰਸ ਕੀਤੇ/ਲਏ ਗਏ ਫੈਸਲੇ ਅਨੁਸਾਰ ਹੇਠ ਲਿਖੇ ਲੈਕਚਰਾਰਾਂ ਨੂੰ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਪਦਉਨਤ ਕੀਤਾ ਜਾਂਦਾ ਹੈ। ਪਦਉਨਤੀ ਉਪਰੰਤ ਇਨ੍ਹਾਂ ਅਧਿਕਾਰੀਆਂ ਨੂੰ ਹੇਠ ਲਿਖੇ ਸਟੇਸਨਾਂ

ਤੇ ਤੈਨਾਤ ਕੀਤਾ ਜਾਂਦਾ ਹੈ:-

| ਲੜੀ ਨੰ: | ਇੰਟਰ-ਸੇ ਸੀਨੀ: ਨੰ | ਸੀਨੀ. ਨੰ: | ਕਰਮਚਾਰੀ ਦਾ ਨਾਂ /ਮੌਜੂਦਾ ਪੋਸਟਿੰਗ ਸ੍ਰੀ/ਸ੍ਰੀਮਤੀ | ਕੈਟਾਗਰੀ | ਪਦਉਨਤੀ ਉਪਰੰਤ ਤੈਨਾਤੀ |
|---|---|---|---|---|---|
| 1. | 3182 | 1734 | ਸਤੀਸ ਕੁਮਾਰ, ਲੈਕ: ਅੰਗਰੇਜੀ, ਸਸਸਸ ਸੇਰਪੁਰਕਲਾਂ ਲੁਧਿਆਣਾ। | ਗੂੰਗਾ ਬੋਲਾ | ਸਸਸਸ ਕਮਾਲਪੁਰਾ, ਲੁਧਿਆਣਾ। |
| 2. | 1603 | 913 | ਰਮੇਸ ਕੁਮਾਰ ਲੈਕ: ਪੰਜਾਬੀ ਸਸਸਸ ਦੁਰੰਗਲਾ (ਗੁਰਦਾਸਪੁਰ) | ਆਰਥੋ | ਸਸਸਸ ਵਰਸੋਲਾ, ਗੁਰਦਾਸਪੁਰ। |
| 3. | 3206 | 1574 | ਹਰਨੇਕ ਸਿੰਘ, ਲੈਕ: ਇੱਕਨੋਮਿਕਸ, ਸਸਸਸ ਸਲਾਬਤਪੁਰ (ਬਠਿੰਡਾ) | ਆਰਥੋ/ ਅੰਸਿਕ ਨੇਤਰਹੀਣ | ਸਸਸਸ ਸਲਾਬਤਪੁਰਾ, ਬਠਿੰਡਾ। |
| 4. | 1656 | 963 | ਪਵਨ ਕੁਮਾਰ, ਲੈਕ: ਪੋਲੀਟੀਕਲ ਸਾਇੰਸ, ਸਸਸਸ ਮੁਲਤਾਨੀਆ (ਬਠਿੰਡਾ) | ਆਰਥੋ | ਸਸਸਸ ਘੁੱਦਾ, ਬਠਿੰਡਾ। |
| 5. | 1727 | 733 | ਇੰਦਰਜੀਤ ਕੌਰ, ਲੈਕ: ਪੰਜਾਬੀ, ਸਕੰਸਸਸ ਨਿਊ ਪਾਵਰ ਹਾਊਸ ਕਲੋਨੀ, ਪਟਿਆਲਾ | ਆਰਥੋ | ਸਸਸਸ ਅਰਨੋਂ, ਪਟਿਆਲਾ। |
| 6. | 4456 | 2617 | ਸੁਰਿੰਦਰ ਕੁਮਾਰ, ਲੈਕ: ਅੰਗਰੇਜੀ, ਸਸਸਸ ਦਿਆਲਪੁਰ, (ਮੋਹਾਲੀ) | ਨੇਤਰਹੀਣ | ਸਸਸਸ ਲਿਬੜਾ, ਲੁਧਿਆਣਾ। |
| 7. | 2097 | 824 | ਲੀਨਾ ਸਰਮਾ, ਲੈਕ: ਕਮਿਸਟਰੀ, ਸਸਸਸ ਲਾਡੋਵਾਲੀ ਰੋਡ, ਜਲੰਧਰ | ਆਰਥੋ | ਸਸਸਸ ਗੁਰਾਇਆ, ਜਲੰਧਰ। |
| 8. | 2237 | 883 | ਸਤਿੰਦਰਦੀਪ ਕੌਰ, ਲੈਕਚਰਾਰ ਜੋਗਰਫੀ, ਡਾਇਟ ਅੱਜੋਵਾਲ, ਹੁਸਿਆਰਪੁਰ। | ਆਰਥੋ | ਸਕੰਸਸਸ ਮਾਹਿਲਪੁਰ, ਹੁਸਿਆਰਪੁਰ। |

ਇਹ ਹੁਕਮ ਤੁਰੰਤ ਲਾਗੂ ਹੋਣਗੇ।

1. ਇਹ ਤਰੱਕੀਆਂ ਸਿਵਲ ਰਿੱਟ ਪਟੀਸ਼ਨ ਨੰਬਰ 5059/2011-ਹਰਪਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਅਜਿਹੀਆਂ ਮੇਲ ਖਾਂਦੀਆਂ ਰਿੱਟ ਪਟੀਸ਼ਨਾਂ ਨੰਬਰ 5736 ਆਫ 2011, 10950 ਆਫ 2011 ਅਤੇ 5049 ਆਫ 2011 ਅਤੇ ਇਸ ਤੋਂ ਇਲਾਵਾ ਹੋਰ ਸੁਪਰੀਮ ਕੋਰਟ ਜਾਂ ਹਾਈਕੋਰਟ ਵਿਖੇ ਕੋਈ ਵੀ ਲੰਬਿਤ ਕੇਸਾਂ/ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਤੇ ਆਧਾਰਤ ਹੋਣਗੇ। ਅਜਿਹੇ ਫੈਸਲੇ ਅਨੁਸਾਰ ਜੇਕਰ ਬਾਅਦ ਵਿਚ ਕਿਸੇ ਕਾਰਨਵਸ ਕਿਸੇ ਵੀ ਅਧਿਕਾਰੀ ਦੀ ਰਿਵਰਸ਼ਨ ਕਰਨ ਦੀ ਜ਼ਰੂਰਤ ਪੈਂਦੀ ਹੈ, ਤਾਂ ਬਿਨ੍ਹਾਂ ਕਿਸੇ ਨੋਟਿਸ ਦੇ ਕਾਰਵਾਈ ਕਰ ਲਈ ਜਾਵੇਗੀ। ਸਬੰਧਤ ਕਰਮਚਾਰੀ ਇਸ ਸਬੰਧੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰੇਗਾ।

2. ਇਹ ਤਰੱਕੀਆਂ ਬਿੱਲਕੁਲ ਆਰਜ਼ੀ ਹੋਣਗੀਆਂ। ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।
3. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।
4. ਇਨ੍ਹਾ ਅਧਿਕਾਰੀਆਂ ਦਾ ਪਰਖਕਾਲ ਸਮਾਂ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੇ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।
5. ਪਦਉਨਤ ਕੀਤੇ ਗਏ ਅਧਿਕਾਰੀ ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਅੰਦਰ ਆਪਣੀ ਨਵੀਂ ਤੈਨਾਤੀ ਵਾਲੀ ਥਾਂ ਤੇ ਹਾਜਰ ਹੋ ਕੇ ਆਪਣੀ ਹਾਜਰੀ ਰਿਪੋਰਟ ਪੇਸ਼ ਕਰਨਗੇ। ਸਟੇਸ਼ਨ ਦੀ ਤਬਦੀਲੀ ਸਬੰਧੀ ਕੋਈ ਵੀ ਪ੍ਰਤੀਬੇਨਤੀ ਪਹਿਲਾਂ ਅਲਾਟ ਕੀਤੇ ਸਟੇਸ਼ਨ ਤੇ ਹਾਜਰ ਹੋਣ ਤੋਂ ਪਹਿਲਾਂ ਨਹੀਂ ਵਿਚਾਰੀ ਜਾਵੇਗੀ।
6. ਜੇਕਰ ਕੋਈ ਅਧਿਕਾਰੀ ਨਿਸ਼ਚਿਤ ਸਮੇਂ ਦੇ ਅੰਦਰ ਆਪਣੀ ਹਾਜਰੀ ਰਿਪੋਰਟ ਪੇਸ਼ ਨਹੀਂ ਕਰੇਗਾ ਤਾਂ ਉਸਨੂੰ ਨਿਯਮਾਂ ਅਨੁਸਾਰ 2 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ:
01 ਅਪਰੈਲ 2013

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:5/9/2012-2ਸਿ4/1067-74 ਮਿਤੀ,ਚੰਡੀਗੜ੍ਹ:1-4-2013

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਚੰਡੀਗੜ੍ਹ। (ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਅੱਪਲੋਡ ਕਰਨ ਦੀ ਖੇਚਲ ਕਰਨ)।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਮੁਹਾਲੀ। ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਦੀ ਪਦਉਨਤੀ ਨਿਯਮਤ ਕਰਵਾਉਣ ਲਈ ਰਿਕਾਰਡ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਤੁਰੰਤ ਭੇਜਣਾ ਯਕੀਨੀ ਬਣਾਇਆ ਜਾਵੇ।
5. ਡਾਇਰੈਕਟਰ, ਸਿੱਖਿਆ ਵਿਭਾਗ (ਐਸਿ),ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਮੁਹਾਲੀ।

6. ਡਾਇਰੈਕਟਰ,ਐਸ.ਸੀ.ਈ.ਆਰ.ਟੀ., ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਮੁਹਾਲੀ।
7. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ।
8. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
9. ਸਬੰਧਤ ਅਧਿਕਾਰੀ।

ਵਿਸੇਸ ਸਕੱਤਰ ਸਕੂਲ ਸਿੱਖਿਆ